# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ:

ਮੁੱਖ ਅਧਿਆਪਕ/ਮੁੱਖ ਅਧਿਆਪਿਕਾ/ਪ੍ਰਿੰਸੀਪਲ,
ਪੰਜਾਬ ਰਾਜ ਦੀਆਂ ਸਮੂਹ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ,
...................................................।

ਨੰਬਰ: ਪਸਸਬ-ਐਫੀ:2017/ 07 ਮਿਤੀ: 01/03/2017

**ਵਿਸ਼ਾ: ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਤ ਪਾਠ-ਪੁਸਤਕਾਂ ਪੜ੍ਹਾਉਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਐਫੀਲੀਏਟਿਡ/ਐਸੋਸੀਏਟਿਡ ਸੰਸਥਾਵਾਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਨਿਰਧਾਰਤ ਪਾਠ-ਪੁਸਤਕਾਂ ਆਪਣੇ ਸਕੂਲ ਵਿੱਚ ਨਹੀਂ ਲਗਾਉਂਦੇ ਪ੍ਰੰਤੂ ਹੋਰ ਪ੍ਰਾਈਵੇਟ ਪਬਲੀਸ਼ਰਾਂ ਦੀਆਂ ਪ੍ਰਕਾਸ਼ਿਤ ਪੁਸਤਕਾਂ ਆਪਣੇ ਸਕੂਲ ਵਿੱਚ ਲਗਾਉਂਦੇ/ਪੜ੍ਹਾਉਂਦੇ ਹਨ। ਐਫੀਲੀਏਸ਼ਨ ਵਿਨਿਯਮ 7(v) ਅਨੁਸਾਰ ਬੋਰਡ ਵੱਲੋਂ ਨਿਰਧਾਰਤ/ਪ੍ਰਕਾਸ਼ਤ ਪੁਸਤਕਾਂ ਸਕੂਲਾਂ ਵਿੱਚ ਪੜ੍ਹਾਉਣੀਆਂ ਜਰੂਰੀ ਹਨ। ਇਸ ਤਰ੍ਹਾ ਕਰਕੇ ਇਹ ਸੰਸਥਾਵਾਂ ਐਫੀਲੀਏਸ਼ਨ ਵਿਨਿਯਮਾਂ ਦੀਆਂ ਉਲੰਘਣਾ ਕਰਦੀਆਂ ਹਨ। ਜਿਸਦਾ ਦਫਤਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ। ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ, ਕਿ ਹਰੇਕ ਐਫੀਲੀਏਟਿਡ/ਐਸੋਸੀਏਟਿਡ ਸੰਸਥਾ ਆਪਣੇ ਵਿਦਿਆਰਥੀਆਂ ਨੂੰ ਬੋਰਡ ਵੱਲੋਂ ਨਿਰਧਾਰਤ ਪੁਸਤਕਾਂ ਹੀ ਪੜ੍ਹਾਈਆਂ ਜਾਣ। ਜੇਕਰ ਕੋਈ ਸੰਸਥਾ ਐਫੀਲੀਏਸ਼ਨ ਵਿਨਿਯਮਾਂ ਦੀ ਉਲੰਘਣਾ ਕਰਦੀ ਪਾਈ ਜਾਂਦੀ ਹੈ ਤਾਂ ਸੰਸਥਾ ਵਿਰੁੱਧ ਐਫੀਲੀਏਸ਼ਨ ਵਿਨਿਯਮਾਂ ਅਧੀਨ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਦੀ ਸਾਰੀ ਜਿੰਮੇਵਾਰੀ ਸੰਸਥਾ ਦੀ ਆਪਣੀ ਹੋਵੇਗੀ।

ਇੰਚਾਰਜ (ਐਫੀਲੀਏਸ਼ਨ) 28/2/17
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।